15ਵੀਂ ਵਿਧਾਨ ਸਭਾ
16ਵਾਂ (ਵਿਸ਼ੇਸ਼) ਸਮਾਗਮ

# ਪੰਜਾਬ ਵਿਧਾਨ ਸਭਾ ਸਕੱਤਰੇਤ

(ਵਿਧਾਨ ਸ਼ਾਖਾ)

ਨੰ:48-ਆਰ ਐਲ-2021/20251

ਪੰਜਾਬ ਵਿਧਾਨ ਸਭਾ ਦੇ ਪਿਛਲੇ ਸਮਾਗਮ ਦੇ ਉਠਾਣ ਤੋਂ ਲੈ ਕੇ ਰਾਜਪਾਲ ਦੁਆਰਾ ਜਾਰੀ ਕੀਤੇ ਗਏ ਨਿਮਨਲਿਖਤ ਆਰਡੀਨੈਂਸਾਂ ਦੀ ਇਕ-ਇਕ ਸਾਫਟ ਕਾਪੀ ਇਸ ਦੇ ਨਾਲ ਭੇਜੀ ਜਾਂਦੀ ਹੈ, ਜਿਵੇਂ ਕਿ ਪੰਜਾਬ ਵਿਧਾਨ ਸਭਾ (ਪੰਜਾਬ ਲੈਜਿਸਲੇਟਿਵ ਅਸੈਂਬਲੀ) ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 144 (1) ਅਧੀਨ ਲੋੜੀਂਦਾ ਹੈ।

i) ਦੀ ਪਲਾਕਸ਼ਾ ਯੂਨੀਵਰਸਿਟੀ, ਪੰਜਾਬ ਦੂਜਾ ਆਰਡੀਨੈਂਸ, 2021 (2021 ਦਾ ਪੰਜਾਬ ਆਰਡੀਨੈਂਸ ਨੰ:2)

ii) ਦੀ ਲੈਮਰਿਨ ਟੈੱਕ ਸਕਿਲਜ਼ ਯੂਨੀਵਰਸਿਟੀ, ਪੰਜਾਬ ਆਰਡੀਨੈਂਸ, 2021 (2021 ਦਾ ਪੰਜਾਬ ਆਰਡੀਨੈਂਸ ਨੰ:3)

2. ਉਕਤ ਆਰਡੀਨੈਂਸ ਪੰਜਾਬ ਵਿਧਾਨ ਸਭਾ ਦੇ ਸਾਹਮਣੇ ਇਸ ਦੇ 16ਵੇਂ (ਵਿਸ਼ੇਸ਼) ਸਮਾਗਮ, 2021 ਦੌਰਾਨ ਰੱਖੇ ਜਾਣਗੇ।

3. ਇਹ ਆਰਡੀਨੈਂਸ ਪੰਜਾਬ ਵਿਧਾਨ ਸਭਾ ਦੇ ਮੁੜ ਇਕੱਤਰ ਹੋਣ ਤੋਂ 6 ਹਫਤੇ ਬੀਤ ਜਾਣ ਤੇ ਜਾਂ ਜੇਕਰ ਉਸ ਸਮੇਂ ਦੇ ਬੀਤ ਜਾਣ ਤੋਂ ਪਹਿਲਾਂ ਇਸ ਨੂੰ ਅਪ੍ਰਵਾਨ ਕਰਨ ਸਬੰਧੀ ਸਭਾ ਦੁਆਰਾ ਭਾਰਤ ਦੇ ਸੰਵਿਧਾਨ ਦੇ ਅਨੁਛੇਦ 213 (2)(ੳ) ਅਧੀਨ ਮਤਾ ਪਾਸ ਕੀਤਾ ਜਾਵੇ, ਲਾਗੂ ਨਹੀਂ ਰਹਿਣਗੇ।

4. ਕੋਈ ਵੀ ਮੈਂਬਰ, ਇਸ 6 ਹਫਤਿਆਂ ਦੇ ਸਮੇਂ ਦੇ ਅੰਦਰ-ਅੰਦਰ ਸਕੱਤਰ ਨੂੰ 3 ਦਿਨਾਂ ਦਾ ਨੋਟਿਸ ਦੇਣ ਤੋਂ ਬਾਅਦ ਉਕਤ ਆਰਡੀਨੈਂਸਾਂ ਨੂੰ ਅਪ੍ਰਵਾਨ ਕਰਨ ਸਬੰਧੀ ਮਤਾ ਪੇਸ਼ ਕਰ ਸਕਦਾ ਹੈ।

ਸੁਰਿੰਦਰ ਪਾਲ,
ਸਕੱਤਰ।

ਚੰਡੀਗੜ੍ਹ:
07 ਨਵੰਬਰ, 2021

ਸੇਵਾ ਵਿਚ

ਪੰਜਾਬ ਵਿਧਾਨ ਸਭਾ ਦੇ ਸਮੂਹ ਮੈਂਬਰ ਸਾਹਿਬਾਨ ।

---

ਨੰ: 48-ਆਰ ਐਲ-2021/20252...,ਮਿਤੀ ਚੰਡੀਗੜ੍ਹ, 07 ਨਵੰਬਰ, 2021

ਇਕ ਕਾਪੀ ਸਕੱਤਰ, ਪੰਜਾਬ ਸਰਕਾਰ, ਉੱਚੇਰੀ ਸਿੱਖਿਆ ਅਤੇ ਭਾਸ਼ਾਵਾਂ ਵਿਭਾਗ (ਸਿੱਖਿਆ-1 ਸ਼ਾਖਾ), ਚੰਡੀਗੜ੍ਹ ਨੂੰ ਉਨ੍ਹਾਂ ਦੇ ਵਿਭਾਗ ਦੇ ਮੀਮੋ ਨੰ. 08/11/2015-3ਸਿ1(4ਸਿ1)/2182, ਮਿਤੀ 06.11.2021 ਦੇ ਹਵਾਲੇ ਵਿਚ ਸੂਚਨਾ ਹਿੱਤ ਭੇਜੀ ਜਾਂਦੀ ਹੈ।

ਵਧੀਕ ਸਕੱਤਰ,
ਵਾਸਤੇ ਸਕੱਤਰ।